ਆਦਰਯੋਗ ਰਿਸ਼ਤੇ • ਵਧੇਰੇ ਸੁਰੱਖਿਅਤ ਪਰਿਵਾਰ • ਵਧੇਰੇ ਮਜ਼ਬੂਤ ਭਾਈਚਾਰੇ

## ਜੇਨਕਿਨਸ ਸੈਂਟਰ ਤੱਕ ਕੌਣ ਪਹੁੰਚ ਕਰ ਸਕਦਾ ਹੈ?

ਜੇਨਕਿਨਸ ਸੈਂਟਰ ਲੀਸੈਸਟਰ ਸ਼ਹਿਰ ਵਿੱਚ 18 ਸਾਲ ਤੋਂ ਵੱਧ ਉਮਰ ਦੇ ਕਿਸੇ ਵੀ ਵਿਅਕਤੀ ਲਈ ਖੁੱਲ੍ਹਾ ਹੈ, ਜੋ ਕਿਸੇ ਨਜ਼ਦੀਕੀ ਸਾਥੀ/ਸਾਥਣ ਨਾਲ ਰਿਸ਼ਤੇ ਵਿੱਚ ਅੱਪਮਾਨਜਨਕ ਰਿਹਾ ਹੋਵੇ। ਅਸੀਂ ਮਰਦਾਂ ਅਤੇ ਔਰਤਾਂ ਦੋਨਾਂ ਨਾਲ ਕਾਰਜ ਕਰਦੇ ਹਾਂ ਜੋ ਆਪਣੀ ਪਛਾਣ ਵਿਮੁੱਖ-ਲਿੰਗੀ, ਮਰਦ-ਸਮਲਿੰਗੀ, ਔਰਤ-ਸਮਲਿੰਗੀ, ਦੋ-ਸਮਲਿੰਗੀ ਜਾਂ ਲਿੰਗ-ਬਦਲੂ ਵਜੋਂ ਕਰਵਾਉਂਦੇ ਹਨ। ਸੈਂਟਰ ਸ਼ਹਿਰ ਭਰ ਦੇ ਸਾਰੇ ਨਸਲੀ ਮੂਲਾਂ, ਧਾਰਮਿਕ ਅਤੇ ਸੱਭਿਆਚਾਰਕ ਗਰੁੱਪਾਂ ਦੇ ਨਾਲ ਕਾਰਜ ਕਰਦਾ ਹੈ ਅਤੇ ਸਾਰੇ ਵੰਨ-ਸੁਵੰਨੇ ਗਰੁੱਪਾਂ ਦੀਆਂ ਵਿਲੱਖਣ ਲੋੜਾਂ ਦੀ ਪੂਰਤੀ ਕਰਨ ਦੀ ਕੋਸ਼ਿਸ਼ ਕਰੇਗਾ।

## ਮੈਂ ਜੇਨਕਿਨਸ ਸੈਂਟਰ ਤੱਕ ਕਿਵੇਂ ਜਾਵਾਂ?

ਜੇਨਕਿਨਸ ਸੈਂਟਰ ਲੀਸੈਸਟਰ ਸਿਟੀ ਸੈਂਟਰ ਵਿੱਚ ਸਥਿਤ ਹੈ ਅਤੇ ਜਨਤਕ ਆਵਾਜਾਈ ਸਾਧਨਾਂ ਰਾਹੀਂ ਆਸਾਨੀ ਨਾਲ ਇਸ ਤੱਕ ਪਹੁੰਚਿਆ ਜਾ ਸਕਦਾ ਹੈ। ਇੱਕ ਵਾਰ ਜਦ ਤੁਹਾਡੇ ਮੁਲਾਂਕਣ ਦੀ ਤਾਰੀਖ਼ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਇੱਕ ਵਰਕਰ ਤੁਹਾਨੂੰ ਸਾਡਾ ਦੁਰਸਤ ਪਤਾ ਦੇਣ ਦੇ ਯੋਗ ਹੋਵੇਗਾ।

## ਅਗਲੇਰੀ ਮਦਦ ਅਤੇ ਸਲਾਹ

ਅਸੀਂ ਸ਼ਹਿਰ ਭਰ ਵਿੱਚ ਹੋਰ ਘਰੇਲੂ ਹਿੰਸਾ ਸਬੰਧੀ ਸੇਵਾਵਾਂ ਦੇ ਨਾਲ ਭਾਈਵਾਲੀ ਵਿੱਚ ਵੀ ਕੰਮ ਕਰਦੇ ਹਾਂ ਜਿਸ ਵਿੱਚ SAFE ਅਤੇ LWA (ਲਿਵਿੰਗ ਵਿਦਾਊਟ ਅਬਿਊਜ਼) ਵੀ ਸ਼ਾਮਲ ਹਨ ਤਾਂ ਜੋ ਅਪਮਾਨ ਪੀੜਤਾਂ ਅਤੇ ਇਸਤੋਂ ਬਚ ਨਿਕਲਣ ਵਾਲੇ ਬਾਲਗਾਂ, ਬੱਚਿਆਂ ਅਤੇ ਉਹਨਾਂ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਾਈਆਂ ਜਾ ਸਕਣ ਜੋ ਆਪਣੇ ਰਿਸ਼ਤਿਆਂ ਵਿੱਚ ਹਿੰਸਾ ਦੀ ਵਰਤੋਂ ਕਰਦੇ ਹਨ। ਇਹਨਾਂ ਸਾਰੀਆਂ ਸੇਵਾਵਾਂ ਤੱਕ **ਸਿਟੀ ਡੋਮੈਸਟਿਕ ਵਾਇਲੈਂਸ ਹੈਲਪਲਾਈਨ ਰਾਹੀਂ 0300 123 0918** ’ਤੇ ਪਹੁੰਚ ਕੀਤੀ ਜਾ ਸਕਦੀ ਹੈ।

ਜੇ ਤੁਸੀਂ ਅਜੇ ਵੀ ਆਪਣੇ ਵਤੀਰੇ ਬਾਰੇ ਚਿੰਤਤ ਹੋ ਤਾਂ ਤੁਸੀਂ **ਨੈਸ਼ਨਲ ਰੈਸਪੈਕਟ ਹੈਲਪਲਾਈਨ ਨੂੰ 0808 8024040** ’ਤੇ ਕਾਲ ਕਰ ਸਕਦੇ ਹੋ

ਸਾਡੀ ਵੈੱਬਸਾਈਟ ਦੇਖਣ ਲਈ QR ਕੋਡ ਨੂੰ ਸਕੈਨ ਕਰੋ।

# the Jenkins Centre

Respectful Relationships ▪ Safer Families ▪ Stronger Communities

ਜੇਨਕਿਨਸ ਸੈਂਟਰ, DVIRP ਅਤੇ ਰੈਸਪੈਕਟ (Respect) ਵਿਚਕਾਰ ਇੱਕ ਭਾਈਵਾਲੀ ਹੈ

Domestic Violence Integrated Response Project

respect

dvs domestic violence services

Working together to build lives free from violence

Commissioned by Leicester City Council

## ਜੇਨਕਿਨਸ ਸੈਂਟਰ

ਬਰਾਬਰਤਾ ਅਤੇ ਕਦਰਾਂ-ਕੀਮਤਾਂ ਦੀ ਵਿਭਿੰਨਤਾ ਨੂੰ ਉਤਸ਼ਾਹਤ ਕਰਦਾ ਹੈ ਜੇ ਤੁਹਾਨੂੰ ਇਹ ਕਿਤਾਬਚਾ ਕਿਸੇ ਹੋਰ ਵੰਨਗੀ ਜਾਂ ਕਿਸੇ ਹੋਰ ਭਾਈਚਾਰਕ ਭਾਸ਼ਾ ਵਿੱਚ ਚਾਹੀਦਾ ਹੈ ਤਾਂ ਕਿਰਪਾ ਕਰਕੇ ਸੈਂਟਰ ਦੇ ਅਮਲੇ ਨਾਲ ਸੰਪਰਕ ਕਰੋ। ਕਿਰਪਾ ਕਰਕੇ ਸਾਨੂੰ ਕਿਸੇ ਹੋਰ ਵਧੀਕ ਲੋੜਾਂ ਤੋਂ ਵੀ ਜਾਣੂੰ ਕਰਵਾਓ ਜੋ ਤੁਹਾਡੀਆਂ ਹੋ ਸਕਦੀਆਂ ਹਨ ਜਿਵੇਂ ਕਿ ਭਾਸ਼ਾ ਅਨੁਵਾਦ, ਚੱਲਣ-ਫਿਰਨ ਯੋਗਤਾ ਦੇ ਮਸਲੇ ਜਾਂ ਸੰਚਾਰ ਵਿੱਚ ਮੁਸ਼ਕਲਾਂ।

Punjabi


the Jenkins Centre

Respectful Relationships ▪ Safer Families ▪ Stronger Communities




## ਕੀ ਤੁਸੀਂ ਉਸੇ ਵਿਅਕਤੀ ਨੂੰ ਠੇਸ ਪਹੁੰਚਾ ਰਹੇ ਹੋ ਜਿਸਨੂੰ ਤੁਸੀਂ ਪਿਆਰ ਕਰਦੇ ਹੋ?


ਟੈਲੀ: 0116 254 0101
ਈਮੇਲ: info@jenkinscentre.org
ਵੈੱਬਸਾਈਟ: www.jenkinscentre.org

# ਆਦਰਯੋਗ ਰਿਸ਼ਤੇ • ਵਧੇਰੇ ਸੁਰੱਖਿਅਤ ਪਰਿਵਾਰ • ਵਧੇਰੇ ਮਜ਼ਬੂਤ ਭਾਈਚਾਰੇ

## ਜੇਨਕਿਨਸ ਸੈਂਟਰ ਕੀ ਕਰਦਾ ਹੈ?

ਅਸੀਂ ਉਹ ਦਖਲਅੰਦਾਜ਼ੀਆਂ ਪ੍ਰਦਾਨ ਕਰਦੇ ਹਾਂ ਜਿੰਨ੍ਹਾਂ ਨੂੰ ਲੋਕਾਂ ਦੀ ਕਿਸੇ ਨਜ਼ਦੀਕੀ ਸਾਥੀ ਅਤੇ ਹੋਰਨਾਂ ਪ੍ਰਤੀ ਅਪਮਾਨਜਨਕ ਵਤੀਰੇ ਦੀ ਵਰਤੋਂ ਕਰਨੀ ਬੰਦ ਕਰਨ ਵਿੱਚ ਮਦਦ ਕਰਨ ਲਈ ਵਿਉਂਤਿਆ ਗਿਆ ਹੈ।

ਅਪਮਾਨਜਨਕ ਵਤੀਰੇ ਨੂੰ ਸਮਾਪਤ ਕਰਨ ਦੇ ਨਾਲ ਨਾਲ ਅਸੀਂ ਪਰਿਵਾਰ ਅਤੇ ਦੋਸਤਾਂ ਦੇ ਨਾਲ ਬੇਹਤਰ ਰਿਸ਼ਤਿਆਂ ਦਾ ਵਿਕਾਸ ਕਰਨ ਅਤੇ ਸਵੈ-ਆਦਰ ਵਿੱਚ ਵਾਧਾ ਕਰਨ ’ਤੇ ਵੀ ਕਾਰਜ ਕਰਾਂਗੇ।

ਜਿੰਨ੍ਹਾਂ ਤਰੀਕਿਆਂ ਨਾਲ ਅਸੀਂ ਇਸਨੂੰ ਕਰਾਂਗੇ ਉਹ ਗਰੁੱਪ ਪ੍ਰੋਗਰਾਮਾਂ ਅਤੇ ਵਿਅਕਤੀਗਤ ਸ਼ੈਸ਼ਨਾਂ ਦੇ ਰਾਹੀਂ ਹਨ।

## ਕੀ ਮੈਂ ਅਪਮਾਨ ਕਰਤਾ ਬਣਦਾ ਜਾ ਰਿਹਾ/ਰਹੀ ਹਾਂ?

ਹੇਠਾਂ ਦਿੱਤੇ ਸਾਰੇ ਵਤੀਰੇ ਅਪਮਾਨਜਨਕ ਹਨ। ਹੋਰ ਵੀ ਬਹੁਤ ਸਾਰੇ ਤਰੀਕੇ ਹਨ ਜਿੰਨ੍ਹਾਂ ਨਾਲ ਲੋਕ ਆਪਣੇ ਸਾਥੀ/ ਸਾਬਕਾ ਸਾਥੀ/ ਸਾਥਣ ਜਾਂ ਪਰਿਵਾਰਕ ਮੈਂਬਰ ਪ੍ਰਤੀ ਸਰੀਰਕ ਤੌਰ ’ਤੇ, ਜਿਨਸੀ ਤੌਰ ’ਤੇ ਅਤੇ ਵਿੱਤੀ ਤੌਰ ’ਤੇ ਅਪਮਾਨਜਨਕ ਹੋ ਸਕਦੇ ਹਨ। ਜੇ ਤੁਹਾਨੂੰ ਆਪਣੇ ਵਤੀਰੇ ਬਾਰੇ ਪੱਕਾ ਪਤਾ ਨਹੀਂ ਹੈ ਅਤੇ ਇਹ ਕਿ ਕੀ ਇਹ ਅਪਮਾਨਜਨਕ ਹੈ, ਤਾਂ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

- ਥੱਪੜ ਮਾਰਨਾ, ਮੁੱਕਾ ਮਾਰਨਾ, ਕਿੱਕ ਮਾਰਨਾ ਅਤੇ ਦੰਦੀ ਵੱਢਣੀ।
- ਆਪਣੇ ਸਾਥੀ/ਸਾਥਣ /ਸਾਬਕਾ ਸਾਥੀ/ਸਾਥਣ/ਪਰਿਵਾਰਕ ਮੈਂਬਰਾਂ ਨੂੰ ਚੋਟ ਪਹੁੰਚਾਉਣ ਜਾਂ ਜਾਨੋਂ ਮਾਰਨ ਦੀ ਧਮਕੀ ਦੇਣਾ।
- ਲਗਾਤਾਰ ਬੇਇੱਜ਼ਤੀ ਅਤੇ ‘ਨੀਚਾ ਦਿਖਾਉਣਾ’।
- ਉਹਨਾਂ ਨੂੰ ਕਿਸੇ ਵਿਅਕਤੀ ਨੂੰ ਮਿਲਣ ਤੋਂ ਰੋਕਣਾ ਜਿਸਨੂੰ ਉਹ ਮਿਲਣਾ ਚਾਹੁੰਦੇ ਹਨ
- ਉਹਨਾਂ ਲਈ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਮਿਲਣਾ ਮੁਸ਼ਕਿਲ ਬਣਾ ਦੇਣਾ।
- ਆਪਣੇ ਸਾਥੀ/ਸਾਥਣ ’ਤੇ ਸੰਭੋਗ ਕਰਨ ਲਈ ਦਬਾਅ ਪਾਉਣਾ।
- ਰਿਸ਼ਤੇ ਦੇ ਖਤਮ ਹੋਣ ਦੇ ਬਾਅਦ ਆਪਣੇ ਸਾਬਕਾ ਸਾਥੀ/ਸਾਥਣ ਨੂੰ ਆਪਣੀ ਜਿੰਦਗੀ ਜਿਉਣ ਨਾ ਦੇਣਾ।

## ਮੈਨੂੰ ਅਜਿਹਾ ਕਿਉਂ ਕਰਨਾ ਚਾਹੀਦਾ ਹੈ?

ਜਿਸ ਤਰੀਕੇ ਨਾਲ ਤੁਸੀਂ ਵਿਵਹਾਰ ਕਰਦੇ ਹੋ, ਉਸਦਾ ਉਹਨਾਂ ਲੋਕਾਂ ’ਤੇ ਪ੍ਰਭਾਵ ਪਵੇਗਾ ਜਿੰਨ੍ਹਾਂ ਨੂੰ ਤੁਸੀਂ ਪਿਆਰ ਕਰਦੇ ਹੋ, ਚਾਹੇ ਉਹ ਕੋਈ ਸਾਥੀ/ਸਾਬਕਾ ਸਾਥੀ/ਸਾਥਣ ਜਾਂ ਕੋਈ ਬੱਚਾ ਹੋਵੇ। ਇਹ ਤੁਹਾਡੇ ਵਾਸਤੇ ਆਪਣੇ ਵਤੀਰੇ ਨੂੰ ਬਦਲਣ ਅਤੇ ਅਜਿਹੇ ਰਿਸ਼ਤੇ ਵਿਕਸਤ ਕਰਨ ਦਾ ਮੌਕਾ ਹੈ ਜੋ ਵਧੇਰੇ ਸੁਰੱਖਿਅਤ, ਪਿਆਰ ਭਰੇ ਅਤੇ ਆਦਰ-ਭਰਪੂਰ ਹਨ ਅਤੇ ਹੋਰ ਅਪਮਾਨਜਨਕ ਨਹੀਂ ਰਹੇ ਹਨ।

ਸਭ ਤੋਂ ਮੁਸ਼ਕਿਲ ਚੀਜ਼ਾਂ ਵਿੱਚੋਂ ਇੱਕ ਹੈ ਪਹਿਲੀ ਫ਼ੋਨ ਕਾਲ ਕਰਨਾ। ਇਸਨੂੰ ਬੰਦ ਕਰਨਾ ਅਤੇ ਆਪਣੇ ਆਪ ਅਤੇ ਹੋਰਨਾਂ ਨਾਲ ਇਹ ਵਾਅਦਾ ਕਰਨਾ ਆਸਾਨ ਹੈ ਕਿ ਅਜਿਹਾ ਦੁਬਾਰਾ ਨਹੀਂ ਵਾਪਰੇਗਾ। ਸੰਭਵ ਤੌਰ ’ਤੇ ਤੁਸੀਂ ਪਹਿਲਾਂ ਵੀ ਅਜਿਹਾ ਕੀਤਾ ਹੈ ਪਰ ਜੇ ਤੁਸੀਂ ਬਦਲਣਾ ਚਾਹੁਣ ਬਾਰੇ ਗੰਭੀਰ ਹੋ ਅਤੇ ਕਥਨੀ ਨੂੰ ਕਰਨੀ ਵਿੱਚ ਬਦਲਣਾ ਚਾਹੁੰਦੇ ਹੋ, ਤਾਂ ਜੇਨਕਿਨਸ ਸੈਂਟਰ ਤੁਹਾਡੀ ਮਦਦ ਕਰ ਸਕਦਾ ਹੈ।

## ਮੈਨੂੰ ਕੀ ਕਰਨਾ ਪੈਣਾ ਹੈ?

ਤੁਹਾਡੇ ਵਿੱਚ ਬੇਹਤਰ ਰਿਸ਼ਤਿਆਂ ਦੀ ਸਿਰਜਣਾ ਕਰਨ ਅਤੇ ਅਪਮਾਨਜਨਕ ਵਤੀਰੇ ਨੂੰ ਬੰਦ ਕਰਨ ਦੀ ਵਚਨਬੱਧਤਾ ਹੋਣੀ ਚਾਹੀਦੀ ਹੈ। ਤੁਹਾਨੂੰ ਆਪਣੇ ਆਪ ’ਤੇ ਵਧੀਆ ਝਾਤ ਪਾਉਣ, ਚੀਜ਼ਾਂ ਨੂੰ ਵਿਭਿੰਨ ਤਰੀਕੇ ਨਾਲ ਕਰਨ ਅਤੇ ਕੁਝ ਅਜਿਹੀਆਂ ਚੀਜ਼ਾਂ ਕਰਨ ਦੀ ਲੋੜ ਪਵੇਗੀ ਜੋ ਆਸਾਨ ਨਹੀਂ ਹੋਣਗੀਆਂ। ਤੁਹਾਡੇ ਵਤੀਰੇ ਨੂੰ ਬਦਲਣਾ ਇੱਕ ਮੁਸ਼ਕਿਲ ਅਮਲ ਹੋ ਸਕਦਾ ਹੈ ਪਰ ਸਾਡੇ ਸਪੈਸ਼ਲਿਸਟ ਜੇਨਕਿਨਸ ਸੈਂਟਰ ਅਮਲੇ ਦੁਆਰਾ ਤੁਹਾਡੀ ਸਹਾਇਤਾ ਕੀਤੀ ਜਾਵੇਗੀ।

ਪਹਿਲਾ ਕਦਮ ਹੈ ਇੱਕ ਪ੍ਰਵੇਸ਼ ਸ਼ੈਸ਼ਨ ਵਿੱਚ ਹਾਜ਼ਰੀ ਭਰਨ ਲਈ ਇੱਕ ਮੁਲਾਕਾਤ ਬੁੱਕ ਕਰਨਾ ਜੋ ਇਹ ਵਰਣਨ ਕਰੇਗਾ ਕਿ ਸੈਂਟਰ ਕਿਵੇਂ ਕੰਮ ਕਰਦਾ ਹੈ, ਇਹ ਪੜਚੋਲ ਕਰੇਗਾ ਕਿ ਤੁਹਾਡੇ ਰਿਸ਼ਤੇ ਵਿੱਚ ਕੀ ਕੁਝ ਵਾਪਰ ਰਿਹਾ ਹੈ ਅਤੇ ਤਬਦੀਲੀ ਵਾਸਤੇ ਤੁਹਾਡੇ ਟੀਚੇ ਕੀ ਹਨ।

ਸੈਂਟਰ ਦੇ ਅਮਲੇ ਨਾਲ ਮਿਲਕੇ ਅਸੀਂ ਇਹ ਫੈਸਲਾ ਕਰਾਂਗੇ ਕਿ ਕੀ ਜੇਨਕਿਨਸ ਸੈਂਟਰ ਤੁਹਾਡੇ ਵਾਸਤੇ ਸਹੀ ਹੈ।

## ਮੇਰੇ ਸਾਥੀ/ਸਾਥਣ ਨੂੰ ਕਿਸ ਚੀਜ਼ ਦੀ ਪੇਸ਼ਕਸ਼ ਕੀਤੀ ਜਾਂਦੀ ਹੈ?

ਜੇਨਕਿਨਸ ਸੈਂਟਰ ਦੀ ਇੱਕ ਵੱਖਰੀ ਸਾਥੀ/ਸਾਥਣ ਸਹਾਇਤਾ ਸੇਵਾ ਹੈ ਜਿਸਦੀ ਪੇਸ਼ਕਸ਼ ਤੁਹਾਡੇ ਸਾਥੀ/ ਸਾਥਣ ਜਾਂ ਸਾਬਕਾ ਸਾਥੀ/ਸਾਥਣ ਨੂੰ ਕੀਤੀ ਜਾਵੇਗੀ।



## ਕੀ ਜੇਨਕਿਨਸ ਸੈਂਟਰ ਮੇਰੇ ਬਾਰੇ ਜਾਣਕਾਰੀ ਨੂੰ ਸਾਂਝੀ ਕਰੇਗਾ?

ਜੇ ਕਿਸੇ ਪੇਸ਼ੇਵਰ ਨੇ ਤੁਹਾਡੀ ਸਿਫਾਰਸ਼ ਸੈਂਟਰ ਕੋਲ ਕੀਤੀ ਹੈ ਤਾਂ ਅਸੀਂ ਉਹਨਾਂ ਨਾਲ ਜਾਣਕਾਰੀ ਸਾਂਝੀ ਕਰਾਂਗੇ। ਜੇ ਅਸੀਂ ਸੋਚਦੇ ਹਾਂ ਕਿ ਤੁਸੀਂ ਹੋਰਨਾਂ ਲਈ ਜਾਂ ਆਪਣੇ ਲਈ ਖਤਰਾ ਹੋ, ਤਾਂ ਉਹਨਾਂ ਦੀ ਸੁਰੱਖਿਆ ਵਿੱਚ ਵਾਧਾ ਕਰਨ ਲਈ ਅਸੀਂ ਜਾਣਕਾਰੀ ਸਾਂਝੀ ਕਰਾਂਗੇ। ਕਿਹੜੀ ਚੀਜ਼ ਗੁਪਤ ਹੋਵੇਗੀ ਅਤੇ ਕਿਹੜੀ ਚੀਜ਼ ਗੁਪਤ ਨਹੀਂ ਹੋ ਸਕਦੀ, ਇਸ ਬਾਰੇ ਅਸੀਂ ਤੁਹਾਡੇ ਨਾਲ ਸਪੱਸ਼ਟ ਅਤੇ ਈਮਾਨਦਾਰ ਹੋਵਾਂਗੇ।

## ਇਸਦਾ ਕਿੰਨਾ ਖ਼ਰਚਾ ਲੱਗਦਾ ਹੈ?

ਲੀਸੈਸਟਰ ਸ਼ਹਿਰ ਦੇ ਵਸਨੀਕਾਂ ਵਾਸਤੇ ਜੇਨਕਿਨਸ ਸੈਂਟਰ ਮੁਫ਼ਤ ਹੈ। ਜੇ ਤੁਸੀਂ ਇਸ ਸ਼ਹਿਰ ਤੋਂ ਬਾਹਰ ਰਹਿੰਦੇ ਹੋ ਅਤੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਨੂੰ ਆਪਣੇ ਵਤੀਰੇ ਸਬੰਧੀ ਸਹਾਇਤਾ ਦੀ ਲੋੜ ਹੈ ਤਾਂ ਸੈਂਟਰ ਦੇ ਅਮਲੇ ਨਾਲ ਸੰਪਰਕ ਕਰੋ।